**ਵਿਸ਼ਾ:-** **ਚੇਅਰਮੈਨ, ਪੀ.ਐਚ.ਐਸ.ਸੀ. ਵਲੋਂ ਹਸਪਤਾਲਾਂ ਦੀ ਕੀਤੀ ਗਈ ਚੈਕਿੰਗ ਸਬੰਧੀ ।**

ਚੇਅਰਮੈਨ, ਪੀ.ਐਚ.ਐਸ.ਸੀ. ਵਲੋਂ ਹਸਪਤਾਲਾਂ ਦੀ ਚੈਕਿੰਗ ਕੀਤੀ ਗਈ, ਜਿਸ ਵਿੱਚ ਮੋਟੇ ਮੋਟੇ ਸੁਝਾਓ ਹੇਠ ਲਿਖੇ ਅਨੁਸਾਰ ਹਨ :-

**ਸਿਵਲ ਹਸਪਤਾਲ ਦਸੂਹਾ :**

(1) 2 ਕੰਪਿਊਟਰ ਅਪਰੇਟਰਾਂ ਦੀ ਖਾਲੀ ਆਸਾਮੀਆਂ ਤੁਰੰਤ ਭਰੀਆਂ ਜਾਣ,

(2) ਹਸਪਤਾਲ ਲਈ ਇੱਕ ਨਵੀਂ ਐਬੂਲੈਂਸ ਦਿੱਤੀ ਜਾਵੇ,

(3) ਆਟੋਮੈਟਿਕ ਫਿਲਮ ਪਰੋਸੈਸਰ ਇੱਕ ਸਾਲ ਤੋਂ ਖਰਾਬ ਪਿਆ ਹੈ, ਜਿਸ ਤੇ ਅੰਦਾਜਨ 65,●●●/- ਤੋਂ 7●,●●●/- ਖਰਚ ਆਉਣ ਦੀ ਸੰਭਾਵਨਾ ਹੈ। ਇਸ ਨੂੰ ਤੁਰੰਤ ਠੀਕ ਕਰਾਉਣ ਉਪਰਾਲੇ ਕੀਤੇ ਜਾਣ।

(4) ਹਸਪਤਾਲ ਵਿੱਚ ਵਰਤਿਆ ਜਾਣ ਵਾਲਾ ਪਾਣੀ ਠੀਕ ਨਹੀਂ ਹੈ। ਜਿਵੇਂ ਕਿ ਐਸ.ਐਮ.ਓ. ਨੇ ਦੱਸਿਆ ਕਿ ਜਿਹੜਾ ਬੋਰ ਪਾਣੀ ਲਈ ਕੀਤਾ ਹੋਇਆ ਹੈ ਉਹ ਕੇਵਲ 15●-2●● ਫੁੱਟ ਗਹਿਰਾ ਹੈ ਅਤੇ ਇਹ ਪਾਣੀ ਮਰੀਜਾਂ ਲਈ ਵੀ ਠੀਕ ਨਹੀਂ ਹੈ। ਇਸ ਲਈ ਇੱਕ ਹੋਰ ਗਹਿਰੀ ਡੂੰਘਾਈ ਵਾਲਾ ਟਿਊਬਵੈਲ ਲਗਾਉਣ ਦੀ ਜਰੂਰਤ ਹੈ। ਇਸ ਸਬੰਧ ਵਿੱਚ ਤੁਰੰਤ ਕਾਰਵਾਈ ਕਰਨ ਦੀ ਜਰੂਰਤ ਹੈ।

**ਸਿਵਲ ਹਸਪਤਾਲ, ਜਲੰਧਰ**

(1) ਹਸਪਤਾਲ ਵਿੱਚ ਡੈਂਟਲ ਸਹਾਇਕ, ਟੈਕਨੀਕਲ/ਸਟਾਫ ਨਰਸ ਦੀ ਜਰੂਰਤ ਹੈ,

(2) ਇਸ ਹਸਪਤਾਲ ਵਿੱਚ ਈ.ਸੀ.ਜੀ. ਦੀਆਂ ਦੋ ਮਸੀਨਾਂ ਕੰਮ ਕਰ ਰਹੀਆਂ ਹਨ ਪਰ 15 ਮਸੀਨਾਂ ਸਟੋਰ ਵਿੱਚ ਪਈਆਂ ਹਨ ਜੋ ਕਿ ਕੰਡਮ ਹਨ। ਪਰ ਇਨ੍ਹਾਂ ਨੂੰ ਡਿਸਪੋਜ ਆਫ ਨਹੀਂ ਕੀਤਾ ਗਿਆ।

(3) ਹਸਪਤਾਲ ਦੇ ਵਾਰਡਾਂ ਵਿੱਚ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ, ਕੋਈ ਜਨਰੇਟਰ ਆਦਿ ਨਹੀਂ ਚੱਲ ਰਿਹਾ ਸੀ। ਮਰੀਜਾਂ ਵਲੋਂ ਦੱਸਿਆ ਗਿਆ ਕਿ ਪਿਛਲੇ 5 ਦਿਨਾਂ ਤੋਂ ਜਨਰੇਟਰ ਸੈਟ ਖਰਾਬ ਪਿਆ ਹੈ ਅਤੇ ਕੋਈ ਇੰਤਜਾਮ ਨਹੀਂ ਕੀਤਾ ਗਿਆ।

**ਸਿਵਲ ਹਸਪਤਾਲ, ਫਤਿਹਗੜ੍ਹ ਸਾਹਿਬ,**

(1) ਹਸਪਤਾਲ 1●● ਬਿਸਤਰੀਆਂ ਦਾ ਹੈ ਪਰ 64 ਬਿਸਤਰੀਆਂ ਦਾ ਇਸ ਸਮੇਂ ਚਾਲੂ ਹੈ। ਕਿਉਂਕਿ ਹਸਪਤਾਲ ਦੀ ਇਮਾਰਤ ਵਿੱਚ ਸਿਵਲ ਸਰਜਨ ਦਫਤਰ ਅਤੇ ਡੀ.ਐਮ.ਸੀ. ਫਤਿਹਗੜ੍ਹ ਸਾਹਿਬ

ਦਾ ਦਫਤਰ ਹੈ। ਸਿਵਲ ਸਰਜਨ ਅਤੇ ਡੀ.ਐਮ.ਸੀ. ਦਾ ਦਫਤਰ ਕਿਸੇ ਹੋਰ ਥਾਂ ਤੇ ਬਦਲਣ ਦਾ ਸੁਝਾਓ ਹੈ ਤਾਂ ਕਿ ਹਸਪਤਾਲ 1●● ਬਿਸਤਰੀਆਂ ਦਾ ਚਲਾਇਆ ਜਾ ਸਕੇ।

(2) ਹਸਪਤਾਲ ਵਿੱਚ ਸ੍ਰੀ ਕੁਲਦੀਪ ਸਿੰਘ, ਕੰਮਪਿਊਟਰ ਅਪਰੇਟਰ ਹੈ, ਜਿਸ ਦੀ ਡਿਯੂਟੀ ਓ.ਪੀ.ਡੀ. ਵਿੱਚ ਹੈ, ਦਾ ਵਿਵਹਾਰ ਸਟਾਫ ਅਤੇ ਮਰੀਜਾਂ ਨਾਲ ਠੀਕ ਨਹੀਂ ਹੈ। ਇਸ ਸਬੰਧ ਵਿੱਚ ਡੀ.ਐਮ.ਸੀ., ਸਿਵਲ ਸਰਜਨ, ਐਸ.ਐਮ.ਓ. ਅਤੇ ਬਾਕੀ ਹੋਰ ਸਟਾਫ ਵਲੋਂ ਇਸ ਨੂੰ ਬਦਲਣ ਲਈ ਬੇਨਤੀ ਕੀਤੀ ਗਈ ਹੈ। ਇਹ ਵੀ ਦੱਸਿਆ ਗਿਆ ਕਿ ਇਸ ਦੀ ਪਹਿਲਾਂ ਜਵਾਬ-ਤਲਬੀ ਕੀਤੀ ਜਾ ਚੁੱਕੀ ਹੈ। ਇਸ ਸਬੰਧੀ ਐਸ.ਐਮ.ਓ. ਇੰਚਾਰਜ ਸਿਵਲ ਹਸਪਤਾਲ, ਫਤਿਹਗੜ੍ਹ ਸਾਹਿਬ ਨੂੰ ਸਬੰਧਤ ਕਰਮਚਾਰੀ ਨੂੰ ਵਾਰਨਿੰਗ ਦੇਣ ਲਈ ਕਿਹਾ ਹੈ, ਜੇਕਰ ਫਿਰ ਵੀ ਕੰਮ ਨਹੀਂ ਕਰਦਾ ਤਾਂ ਉਸ ਦੇ ਖਿਲਾਫ ਅਨੁਸਾਸਨੀ ਕਾਰਵਾਈ ਕੀਤੀ ਜਾਵੇ।

(3) ਹਸਪਤਾਲ ਵਿੱਚ ਪਹਿਲਾਂ ਤੈਨਾਤ ਡਾ: ਦਲਬੀਰ ਕੌਰ, ਬੀ.ਟੀ.ਓ. ਨੇ ਸੈਲਫ ਓਪਰੇਟਰ ਦੀ ਟ੍ਰੇਨਿੰਗ ਲਈ ਹੋਈ ਸੀ। ਪਰ ਉਨ੍ਹਾਂ ਦੀ ਬਦਲੀ ਮਾਤਾ ਕੁਸ਼ੱਲਿਆ ਹਸਪਤਾਲ, ਪਟਿਆਲਾ, ਵਿਖੇ ਹੋ ਗਈ ਹੈ ਅਤੇ ਇਥੇ ਡਾ: ਸਿਮਰਜੀਤ ਕੌਰ ਹਨ, ਉਨ੍ਹਾਂ ਨੂੰ ਸੈਲਫ ਓਪਅਰੇਟਰ ਟ੍ਰੇਨਿੰਗ ਦੁਆਈ ਜਾਵੇ ਤਾਂ ਕਿ ਸਿਵਲ ਹਸਪਤਾਲ ਦੇ ਕੰਮ ਨੂੰ ਹੋਰ ਬੇਹਤਰ ਚਲਾਇਆ ਜਾ ਸਕੇ।

(4) ਸਿਵਲ ਹਸਪਤਾਲ, ਮੰਡੀ ਗੋਬਿੰਦਗੜ੍ਹ ਵਿਖੇ ਜਨਰੇਟਰ ਸੈਟ ਦੀ ਜਰੂਰਤ ਹੈ।

**ਸਿਵਲ ਹਸਪਤਾਲ, ਹੁਸਿਆਰਪੁਰ**

(1) ਹਸਪਤਾਲ ਵਿੱਚ ਮਰੀਜਾਂ ਵਲੋਂ ਦੱਸਿਆ ਕਿ ਉਥੇ ਤੈਨਾਤ ਲੇਡੀ ਡਾਕਟਰ ਨੀਤੂ ਨਾਰਦ ਦਾ ਮਰੀਜਾਂ ਨੂੰ ਕਹਿਣਾ ਹੈ ਕਿ ਪਰੇਸਨ ਕਰਵਾਓ ਨਹੀਂ ਤੇ ਪੀ.ਜੀ.ਆਈ. ਜਾਓ। ਮਰੀਜਾਂ ਦੀ ਨਾਰਮਲ ਡਲੀਵਰੀ ਬਹੁਤ ਹੀ ਘੱਟ ਕਰਦੀ ਹੈ। ਜਿਆਦਾਤਰ ਬੜੇ ਅਪਰੇਸਨ ਹੀ ਕਰਦੀ ਹੈ ਅਤੇ ਸਾਰੀ ਦਵਾਈ ਮਰੀਜਾਂ ਤੋਂ ਗੂਲੋਕੋਜ ਤੋਂ ਲੈ ਕੇ ਸਰਿੰਜਾਂ ਤੱਕ ਬਾਹਰੋ ਮੰਗਵਾਉਂਦੀ ਹੈ।

**ਸੀ.ਐਚ.ਸੀ. ਭੂੱਚੋ ਮੰਡੀ,**

(1) ਸੀ.ਐਚ.ਸੀ. ਦੀ ਓ.ਟੀ. ਵਿੱਚ ਟਰੇਂਡ ਓ.ਟੀ. ਟੈਕਨੀਸੀਅਨ ਦੀ ਜਰੂਰਤ ਹੈ।

(2) ਸੀ.ਐਚ.ਸੀ. ਵਿੱਚ ਬੇਬੀ ਵਾਰਮਰ ਦੀ ਜਰੂਰਤ ਹੈ।

**ਸਿਵਲ ਹਸਪਤਾਲ, ਸੰਗਰੁਰ,**

(1) ਸਿਵਲ ਹਸਪਤਾਲ, ਸੰਗਰੂਰ ਵਿੱਚ ਸਥਾਪਿਤ ਆਯੂਰਵੈਦਿਕ ਡਿਸਪੈਂਸਰੀ ਵਿੱਚ ਤੈਨਾਤ ਆਯੂਰਵੈਦਿਕ ਮੈਡੀਕਲ ਅਫਸਰ ਨੇ ਧਿਆਨ ਵਿੱਚ ਲਿਆਂਦਾ ਕਿ ਇਥੇ ਦੁਆਈਆਂ ਦੀ ਸਪਲਾਈ ਇੱਕ ਵਾਰ ਹੀ ਆਈ ਅਤੇ ਡਿਮਾਂਡ ਭੇਜੀ ਹੈ ਪਰ ਅਜੇ ਤੱਕ ਸਪਲਾਈ ਨਹੀਂ ਆਈ। ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਬਹੁਤ ਸਾਰੀਆਂ ਦੁਆਈਆਂ ਇਸ ਤਰ੍ਹਾਂ ਦੀਆਂ ਆਈਆਂ ਹਨ ਜਿਨ੍ਹਾਂ ਦੀ ਇਥੇ ਜਰੂਰਤ ਹੀ ਨਹੀਂ ਹੈ।(ਡਾਇਰੈਕਟਰ ਆਯੂਰਵੈਦਾ)

ਐਮ.ਡੀ. ਪੀ.ਐਚ.ਐਸ.ਸੀ. ਨੂੰ ਬੇਨਤੀ ਹੈ ਕਿ ਮਹੱਤਵ ਪੂਰਨ ਆਈਟਮਾਂ ਤੇ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਅਤੇ ਇਨ੍ਹਾਂ ਸਾਰੀਆਂ ਆਈਟਮਾਂ ਦਾ ਏਜੰਡਾ ਤਿਆਰ ਕਰਕੇ ਡੀ.ਐਮ.ਸੀ. ਦੀ ਮਹੀਨਾਵਾਰ ਮੀਟਿੰਗ ਵਿੱਚ ਰਵਿਯੂ ਕਰਨ ਲਈ ਰੱਖਿਆ ਜਾਵੇ।

(ਸਤੀਸ਼ ਚੰਦਰਾ)
ਪ੍ਰਮੁੱਖ ਸਕੱਤਰ ਸਿਹਤ
12-10-2010

ਮੈਨੇਜਿੰਗ ਡਾਇਰੈਕਟਰ,
ਪੀ.ਐਚ.ਐਸ.ਸੀ. ਮੋਹਾਲੀ।